ਬਜਟ ਫਾਈਲ

ਵੱਲੋ

Acctt. 1

ਡਿਪਟੀ ਡਾਇਰੈਕਟਰ
ਅਰਬਨ ਲੋਕਲ ਬਾਡੀਜ
ਅੰਮ੍ਰਿਤਸਰ।

ਵੱਲ

ਕਾਰਜ ਸਾਧਕ ਅਫਸਰ
ਨਗਰ ਪੰਚਾਇਤ ਰਾਜਾਸਾਂਸੀ

ਨੰ:/ਡਡਸਸ/2015 523

ਮਿਤੀ 27/8/15

ਵਿਸ਼ਾ:— <u>ਨਗਰ ਪੰਚਾਇਤ ,ਰਾਜਾਸਾਂਸੀ ਦਾ ਬਜੱਟ ਸਾਲ 2015—16 ਸਬੰਧੀ ।</u>

ਪੰਜਾਬ ਮਿਊਂਸਪਲ ਅਕਾਊਂਟ ਕੋਡ 1930 ਦੇ ਰੂਲ 11.8 ਅਧੀਨ ਨਗਰ ਕੌਂਸਲ, ਦਾ ਬਜੱਟ ਅਨੁਮਾਨ ਸਾਲ 2015—16 ਹੇਠ ਦਰਸਾਈਆਂ ਸ਼ਰਤਾਂ ਅਨੁਸਾਰ ਪ੍ਰਵਾਨ ਕੀਤਾ ਜਾਂਦਾ ਹੈ:—

(ਰਕਮ ਲੱਖਾਂ ਵਿਚ)

| ਆਮਦਨ | ਵਿਭਾਗ ਦੀ ਪ੍ਰਵਾਨਗੀ |
|---|---|
| ਮਿਤੀ 01—04—2015 ਨੂੰ ਮੁੱਢਲਾ ਬਕਾਇਆ | 92.79 |
| ਸਾਲ 2015—16 ਲਈ ਆਮਦਨ | 413.25 |
| ਕੁੱਲ | 506.04 |
| ਖਰਚਾ | 491.04 |
| ੳ) ਅਮਲਾ ( )<br>(i) ਕੇਵਲ ਮੌਜੂਦਾ ਪੋਸਟਾਂ ਲਈ<br>(ii) ਪੈਨਸ਼ਨ ਕੰਟਰੀਬਿਊਸ਼ਨ<br>(iii) ਰੀਟਾਇਰਮੈਂਟ ਬੈਨੀਫਿਟ<br>(ਗਰੈਚੁਟੀ ਅਤੇ ਲੀਵ ਇੰਨਕੈਸਮੈਂਟ)<br>(iv) ਲੰਬਿਤ ਰਿਟਾਇਰਮੈਂਟ ਡਿਊਜ਼ ਦੀ ਅਦਾਇਗੀ | 136.85 |
| ਅ) ਕੰਟੀਜੈਂਸੀ | 22.00 |
| ੲ) ਵਿਕਾਸ ਦੇ ਕੰਮਾਂ ਲਈ ( ) | |
| (i) ਕਮਿਟਿਡ | 130.19 |
| (ii) ਨਾਨ—ਕਮਿਟਿਡ | 202.00 |
| ਕੁੱਲ ਖਰਚਾ (ੳ + ਅ + ੲ) | 491.04 |
| ਮਿਤੀ 31—03—2016 ਲਈ ਅੰਤਿਮ ਬਕਾਇਆ | 15.00 |
| ਕੁੱਲ | 506.04 |

ਉਕਤ ਦਰਸਾਈ ਆਮਦਨ ਅਤੇ ਖਰਚੇ ਦਾ ਵੇਰਵਾ ਹੇਠਾਂ ਅਨੁਸਾਰ ਹੈ:—

<u>ਆਮਦਨ:</u> ਇਸ ਮੱਦ ਅਧੀਨ ਸਾਲ 2015—16 ਲਈ ਹੇਠ ਦਰਸਾਏ ਹੈਡਾਂ ਦੀ ਕੁੱਲ ਆਮਦਨ ਰੁਪਏ 413.25/— ਲੱਖ ਪ੍ਰਵਾਨ ਕੀਤੀ ਜਾਂਦੀ ਹੈ:—

| ਲੜੀ ਨੰ: | ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|---|
| 1. | ਵੈਟ/ਪੀ.ਐਮ.ਐਫ./ਚੂੰਗੀ ਪੈਟਰੋਲ ਡੀਜ਼ਲ | 313.00 |
| 2. | ਚੂੰਗੀ ਬਿਜਲੀ ਤੋਂ | 15.00 |
| 3. | ਪ੍ਰਾਪਰਟੀ ਟੈਕਸ/ਹਾਊਸ ਟੈਕਸ | 15.50 |
| 4. | ਵਾਟਰ ਅਤੇ ਸੀਵਰੇਜ ਰੇਟ | -- |
| 5. | ਰੈਂਟ/ਤਹਿਬਜਾਰੀ | 7.25 |
| 6. | ਬਿਲਡਿੰਗ ਫੀਸਾਂ ਆਦਿ | 15.00 |
| 7. | ਬੱਸ ਅੱਡਾ ਫੀਸ | -- |
| 8. | ਲਾਇੰਸਸ | -- |
| 9. | ਐਡਵਰਟਾਈਜਮੈਂਟ ਟੈਕਸ | 2.25 |
| 10. | ਮਨੋਰੰਜਨ ਟੈਕਸ | -- |
| 11. | ਪ੍ਰੋਪਰਟੀ ਦੀ ਸੇਲ | -- |
| 12. | ਅਡੀਸ਼ਨਲ ਐਕਸਾਈਜ਼ ਡਿਊਟੀ | 25.00 |
| 13. | ਹੋਰ ਸਾਧਨਾਂ ਤੋਂ ਆਮਦਨ | 20.25 |
| | ਜੋੜ | 413.25 |

**ਖਰਚਾ:** **ਅਮਲਾ:** ਇਸ ਮੱਦ ਅਧੀਨ ਸਾਲ 2015–16 ਲਈ ਨਗਰ ਪੰਚਾਇਤ ਦਾ 136.85/– ਲੱਖ ਰੁਪਏ ਦਾ ਬਜ਼ਟ ਪ੍ਰਵਾਨ ਕੀਤਾ ਜਾਂਦਾ ਹੈ, ਜਿਸ ਵਿਚੋਂ ਮੌਜੂਦਾ ਪੋਸਟਾਂ ਲਈ ਖਰਚਾ ਲੱਖ ਰੁਪਏ, ਪੈਨਸ਼ਨ ਕੰਟ੍ਰੀਬੀਊਸ਼ਨ ਲੱਖ ਰੁਪਏ, ਰਿਟਾਇਰਲ ਡਿਊਜ਼ ਲੱਖ ਰੁਪਏ ਪ੍ਰਵਾਨ ਕੀਤਾ ਜਾਂਦਾ ਹੈ । ਨਗਰ ਪੰਚਾਇਤ ________ ਦਾ ਖਾਲੀ ਆਸਾਮੀਆਂ ਦਾ ਖਰਚਾ ਅਮਲਾ ਮੱਦ ਵਿਚ ਨਹੀਂ ਦਿੱਤਾ ਗਿਆ ।

**ਕਟੀਜੈਂਸੀ:** ਇਸ ਮੱਦ ਅਧੀਨ ਸਾਲ 2015–16 ਲਈ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦਾ ਕੁੱਲ ਖਰਚਾ ਰੁਪਏ 22.00/– ਲੱਖ ਪ੍ਰਵਾਨ ਕੀਤਾ ਜਾਂਦਾ ਹੈ :

| ਲੜੀ ਨੰ: | ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|---|
| 1. | ਸਟੇਸ਼ਨਰੀ | 1.00 |
| 2. | ਬਿਜਲੀ ਬਿੱਲ | 4.00 |
| 3. | ਪੈਟਰੋਲ/ਡੀਜ਼ਲ ਅਤੇ ਵਹੀਕਲ | 5.00 |
| 4. | ਓ.ਐਂਡ.ਐਮ. | 1.00 |
| 5. | ਟੈਲੀਫੂਨ ਬਿੱਲ | 1.00 |
| 6. | ਕੰਪਿਊਟਰ ਲਈ | 4.00 |
| 7. | ਅਦਰਜ਼ ਹੈਡ | 6.00 |
| 8. | ਪ੍ਰੋਪਰਟੀ ਦੀ ਮੇਲ | — |
| | ਜੋੜ | 22.00 |

**ਵਿਕਾਸ:** ਇਸ ਮੱਦ ਅਧੀਨ ਹੇਠ ਦਰਸਾਏ ਹੈਡਾਂ ਸਮੇਤ ਬਾਕੀ ਹੈਡਾਂ ਦਾ ਕੁੱਲ ਖਰਚਾ ਰੁਪਏ ਲੱਖ ਪ੍ਰਵਾਨ ਕੀਤਾ ਜਾਂਦਾ ਹੈ:

| ਲੜੀ ਨੰ: | ਹੈਡ ਦਾ ਨਾਮ | ਵਿਭਾਗ ਦੀ ਪ੍ਰਵਾਨਗੀ |
|---|---|---|
| | ਨਾਨ ਕਮਿਟਿਡ ਖਰਚਾ | |
| 1. | ਨਿਊ ਰੋਡਜ਼ | 20.00 • |
| 2. | ਰਿਪੇਅਰ ਆਫ਼ ਰੋਡਜ਼ | 30.00 • |
| 3. | ਨਵੀਆਂ ਗਲੀਆਂ/ਨਾਲੀਆਂ | 42.00 • |
| 4. | ਪੁਰਾਣੀਆਂ ਗਲੀਆਂ/ਨਾਲੀਆਂ ਦੀ ਰਿਪੇਅਰ | 20.00 |
| 5. | ਨਵੀਂ ਵਾਟਰ ਸਪਲਾਈ | -- |
| 6. | ਨਵਾਂ ਸੀਵਰੇਜ਼ | -- |
| 7. | ਸਲੱਮ ਇੰਮਪਰੂਵਮੈਂਟ | 20.00 • |
| 8. | ਸਟਰੀਟ ਲਾਈਟ ਦੀ ਦੇਖਭਾਲ ਅਤੇ ਖਰੀਦ | 25.00 • |
| 9. | ਮਸ਼ੀਨਰੀ ਦੀ ਖਰੀਦ | -- |
| 10. | ਸੀ.ਡਬਲਯੂ.ਪੀ. | 0.50 |
| 11. | ਪਲਾਂਟੇਸ਼ਨ/ਪਾਰਕ | 5.00 |
| 12. | ਸਟਰੇਲਾਈਜ਼ੇਸ਼ਨ ਆਫ਼ ਡਾਗਜ਼ | 0.50 |
| 13. | ਦਫ਼ਤਰ ਦੀ ਉਸਾਰੀ ਉਪਰ ਖਰਚ | 15.00 |
| 14. | ਫੁੱਟਕਲ ਕੰਮਾ ਲਈ | 24.00 |
| | ਜੋੜ (ੳ) | 202.00 |

| | | |
|---|---|---|
| | ਕਮਿਟਿਡ ਖਰਚਾ | |
| 1. | ਬਿਜਲੀ ਬਿੱਲ (ਸਟਰੀਟ ਲਾਈਟ) | 15.00 |
| 2. | ਬਿਜਲੀ ਬਿੱਲ (ਟਿਊਬਵੈਲ, ਡਿਸਪੋਜ਼ਲ ਆਦਿ) | -- |
| 3. | ਵਾਟਰ ਸਪਲਾਈ ਅਤੇ ਸੀਵਰੇਜ਼ ਦੀ ਦੇਖਭਾਲ 2/11 ਵੈਟ | 57.27 |
| 4. | ਸੀ.ਵੀ.ਓ. ਸੈਲ ਚਾਰਜਿਜ/ਆਡਿਟ ਫੀਸ/ਡਾਇਰੈਕਟੋਰੇਟ ਚਾਰਜਿਜ਼/ਚੋਣ ਖਰਚਾ | 5.50 |
| 5. | ਸੈਨੀਟੇਸ਼ਨ ਆਨ ਕੰਟਰੇਕਟ | 30.30 ^ 30.00 |
| 6. | ਕਰਜ਼ੇ ਦੀ ਅਦਾਇਗੀ | -- |
| 7. | ਸੋਲਿਡ ਵੇਸਟ ਮੈਨਜ਼ਮੈਂਟ ਸਵੱਛ ਭਾਰਤ ਅਭਿਆਨ | 7.00 |
| 8. | ਫੁੱਟਕਲ ਕੰਮਾ ਲਈ | 15.42 |
| | ਜੋੜ (ਅ) | 130.19 |
| | ਕੁੱਲ ਜੋੜ (ੳ) + (ਅ) | **332.19** |

ਮਿਤੀ 31-03-2016 ਲਈ ਅੰਤਿਮ ਬਕਾਇਆ ਰੁਪਏ 15.00 ਲੱਖ ਹੈ ।

ਕਾਰਜ ਸਾਧਕ ਅਫ਼ਸਰ, ਨਗਰ ਪੰਚਾਇਤ ਰਾਜਾਸਾਂਸੀ ਨੂੰ ਲਿਖਿਆ ਜਾਂਦਾ ਹੈ ਕਿ ਸਾਲ 2015-16 ਲਈ ਨਿਸ਼ਚਿਤ ਕੀਤੀ ਗਈ ਆਮਦਨ ਦੇ ਟੀਚੇ ਨੂੰ ਹਰ ਹਾਲਤ ਵਿਚ ਪ੍ਰਾਪਤ ਕੀਤਾ ਜਾਵੇ ਅਤੇ ਪ੍ਰਵਾਨਤ ਖਰਚੇ ਨੂੰ ਪ੍ਰਾਪਤ ਹੋਣ ਵਾਲੀ ਅਸਲ ਆਮਦਨ ਦੇ ਸਨਮੁੱਖ ਹੀ ਖਰਚ ਕੀਤਾ ਜਾਵੇ ਅਤੇ ਸਾਲ ਦੇ ਅੰਤ ਤੇ ਤਜਵੀਜ਼ਤ ਬਕਾਏ ਨੂੰ ਬਰਕਰਾਰ ਰਖਿਆ ਜਾਵੇ ।

ਸ਼ਰਤਾਂ:

1) ਸਾਲ 2015-16 ਲਈ ਮਿਥਿਆ ਗਿਆ ਆਮਦਨ ਦਾ ਟੀਚਾ ਪੂਰਾ ਕਰਨ ਲਈ ਨਗਰ ਕੌਂਸਲ ਦੇ ਪ੍ਰਧਾਨ ਅਤੇ ਕਾਰਜ ਸਾਧਕ ਅਫ਼ਸਰ ਦੀ ਸਾਂਝੀ ਜ਼ੁੰਮੇਵਾਰੀ ਹੋਵੇਗੀ ।

2) ਨਗਰ ਕੌਂਸਲ ਅੰਦਰ ਪੈਂਦੀਆਂ ਸਾਰੀਆਂ ਇਮਾਰਤਾਂ ਦਾ ਹਾਊਸ ਟੈਕਸ ਅਤੇ ਹੋਰ ਤਰ੍ਹਾਂ ਦੀ ਉਗਰਾਹੀ ਲਈ ਸਰਵੇ ਤਿੰਨ ਮਹੀਨੇ ਦੇ ਅੰਦਰ-ਅੰਦਰ ਮੁਕੰਮਲ ਕਰਵਾਇਆ ਜਾਵੇ ਅਤੇ ਏਰੀਅਰ ਦੀ 100% ਰਿਕਵਰੀ ਯਕੀਨੀ ਬਣਾਈ ਜਾਵੇ ।

3) ਅਮਲੇ ਦੇ ਖਰਚੇ ਦੀ ਮੱਦ ਅਧੀਨ 136.85 ਖਰਚਾ ਨਗਰ ਕੌਂਸਲ ਦੇ ਬਜ਼ਟ ਵਿਚ ਦਿਖਾਇਆ ਗਿਆ ਹੈ । ਇਸ ਨੂੰ ਘੱਟ ਕਰਨ ਲਈ ਸਰਪਲਸ ਸਟਾਫ਼ ਦੀਆਂ ਲਿਸਟਾਂ ਬਣਾਕੇ ਸਦਰ ਦਫ਼ਤਰ ਨੂੰ ਭੇਜੀਆਂ ਜਾਣ ਅਤੇ ਦਫ਼ਤਰੀ ਖਰਚੇ ਨੂੰ ਹੋਰ ਘੱਟ ਕਰਨ ਸਬੰਧੀ ਉਪਰਾਲੇ ਕੀਤੇ ਜਾਣ ।

4) ਕਿਸੇ ਵੀ ਖਰਚੇ ਦੀ ਮੱਦ ਅਧੀਨ ਪ੍ਰਵਾਨ ਕੀਤੇ ਖਰਚੇ ਤੋਂ ਵੱਧ ਖਰਚਾ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਲਏ ਬਗੈਰ ਨਾ ਕੀਤਾ ਜਾਵੇ ਅਤੇ ਨਾ ਹੀ ਅਗਾਊਂ ਪ੍ਰਵਾਨਗੀ ਆਉਣ ਦੀ ਆਸ ਵਿਚ ਕੀਤਾ ਜਾਵੇ ।

5) ਕੋਈ ਨਵੀਂ ਅਸਾਮੀ/ਖਾਲ੍ਹੀ ਅਸਾਮੀ ਸਥਾਨਕ ਸਰਕਾਰ ਵਿਭਾਗ ਦੀ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਨਾ ਭਰੀ ਜਾਵੇ ।

6) ਇਸ ਵਿਭਾਗ ਦੀ ਪ੍ਰਵਾਨਗੀ ਤੋਂ ਬਗੈਰ ਕਿਸੇ ਅਸਾਮੀ ਦੀ ਤਬਦੀਲੀ ਨਾ ਕੀਤੀ ਜਾਵੇ ਅਤੇ ਕਰਮਚਾਰੀ ਦਾ ਕਾਡਰ ਵੀ ਤਬਦੀਲ ਨਾ ਕੀਤਾ ਜਾਵੇ ।

7) ਕੋਈ ਵੀ ਵਹੀਕਲ ਇਸ ਦਫ਼ਤਰ ਦੀ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਖਰੀਦ ਨਾ ਕੀਤਾ ਜਾਵੇ ।

8) ਡੇਲੀਵੇਜ਼ਿਜ ਜਾਂ ਕੰਟਰੈਕਟ ਦੇ ਅਧਾਰ ਤੇ ਇਸ ਦਫ਼ਤਰ ਦੀ ਵਿਸ਼ੇਸ਼ ਪੂਰਵ ਪ੍ਰਵਾਨਗੀ ਤੋਂ ਬਿਨ੍ਹਾਂ ਕੋਈ ਵੀ ਨਿਯੁਕਤੀ ਨਾ ਕੀਤੀ ਜਾਵੇ ।

9) ਕੰਟਰੈਕਟਰ/ਠੇਕੇ ਤੇ ਭਰਤੀ ਕਰਨ ਦੀ ਬਜਾਏ ਜਿਥੋਂ ਤੱਕ ਸੰਭਵ ਹੋਵੇ ਕਿਸੇ ਬਾਹਰੀ ਸੰਸਥਾ ਤੋਂ ਲੋੜੀਂਦੇ ਸਟਾਫ਼ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ ਜਾਣ ਤਾਂ ਜੋ ਸਥਾਨਕ ਸੰਸਥਾ ਨੂੰ ਭਵਿੱਖ ਵਿਚ ਕਿਸੇ ਕਿਸਮ ਦੀ ਕਾਨੂੰਨੀ ਅੜਚਨ ਨਾ ਆਵੇ ।

10) **ਵਿਕਾਸ:** ਵਰਕਸ ਦਾ ਖਰਚਾ ਸਪਲਿਟ ਕਰਨ ਤੇ ਪਾਬੰਦੀ ਹੈ । ਹਰ ਹਾਲਤ ਵਿਚ ਜੋ ਪੈਸੇ ਸਰਕਾਰ ਵਲੋਂ ਦਿੱਤੇ ਜਾਂਦੇ ਹਨ, ਉਸ ਨਾਲ ਕੰਮ ਵੀ ਸਮੇਂ ਸੀਮਾਂ ਅਤੇ ਮਿਥੇ ਤਖਮੀਨੇ ਵਿਚ ਮੁਕੰਮਲ ਕੀਤਾ ਜਾਵੇ । ਗ੍ਰਾਂਟ ਦਾ ਖਰਚਾ ਸਕੀਮ ਵਿਚ ਦਰਜ਼ ਹਦਾਇਤਾਂ ਅਨੁਸਾਰ ਕੀਤਾ ਜਾਵੇ ਅਤੇ ਵਰਤੋਂ ਸਰਟੀਫਿਕੇਟ ਮੁੱਖ ਦਫਤਰ ਵਿਖੇ ਸਬੰਧਿਤ ਸ਼ਾਖਾ ਨੂੰ ਸਮੇਂ-ਸਿਰ ਪੁੱਜਦਾ ਕੀਤਾ ਜਾਵੇ । ਨਗਰ ਕੌਂਸਲ ਵਲੋਂ ਹਰ ਸਾਲ ਆਪਣੀ ਪ੍ਰਬੰਧਕੀ ਰਿਪੋਰਟ ਤਿਆਰ ਕਰਕੇ ਸਮੇਂ ਸਿਰ ਸਰਕਾਰ ਨੂੰ ਭੇਜੀ ਜਾਵੇ । ਵਰਕਚਾਰਜ ਅਮਲੇ ਤੇ ਹੋਣ ਵਾਲਾ ਖਰਚਾ ਵਿਕਾਸ ਦੀ ਮੱਦ ਹੇਠ ਨਾ ਕੀਤਾ ਜਾਵੇ ਉਸ ਨੂੰ ਅਮਲੇ ਦੀ ਮੱਦ ਵਿਚ ਕੀਤਾ ਜਾਵੇ ।

11) ਵਿਕਾਸ ਦੀ ਮੱਦ ਅਧੀਨ ਕਮਿਟਿਡ ਖਰਚੇ ਵਜੋਂ ਪ੍ਰਵਾਨ ਬਿਜਲੀ ਦੇ ਬਿਲਾਂ ਦੀ ਅਦਾਇਗੀ ਸਮੇਂ ਸਿਰ ਕਰਨੀ ਯਕੀਨੀ ਬਣਾਈ ਜਾਵੇ ਅਤੇ ਜੁਰਮਾਨੇ ਤੋਂ ਬਚਿਆ ਜਾਵੇ । ਅਣਗਹਿਲੀ ਦੀ ਸੂਰਤ ਵਿਚ ਜੁਰਮਾਨੇ ਲਈ ਜਿੰਮੇਵਾਰ ਅਧਿਕਾਰੀ ਦੀ ਜਿੰਮੇਵਾਰੀ ਫਿਕਸ ਕੀਤਾ ਜਾਵੇ ।

12) ਫਾਇਰ ਬ੍ਰਿਗੇਡ ਲਈ ਲੋੜੀਂਦੇ ਡਰਾਈਵਰ ਪਾਸਕੋ ਤੋਂ ਜਾਂ ਕਿਸੇ ਬਾਹਰੀ ਸੰਸਥਾ ਤੋਂ ਲਏ ਜਾਣ ।

13) ਸਾਲ 2015-16 ਦੌਰਾਨ ਵਿਕਾਸ ਦੇ ਕੰਮਾਂ ਦੀ ਜੋ ਸੂਚੀ ਬਜਟ ਅਨੁਮਾਨ ਨਾਲ ਭੇਜੀ ਹੈ ਉਸ ਦੇ ਅਨੁਸਾਰ ਹੀ ਵਿਕਾਸ ਦੇ ਕੰਮ ਕਰਵਾਏ ਜਾਣ ਨੂੰ ਯਕੀਨੀ ਬਣਾਇਆ ਜਾਵੇ ।

14) ਕਰਮਚਾਰੀਆਂ ਨੂੰ ਮਿਲਣ ਵਾਲੇ ਰਿਟਾਇਰਲ ਡਿਊਜ਼, ਜੀ.ਪੀ.ਫੰਡ ਦੀ ਅਦਾਇਗੀ, ਪੈਨਸ਼ਨ ਫੰਡ ਦੀ ਅਦਾਇਗੀ, ਹੁਡਕੋ ਅਤੇ ਐਲ.ਆਈ.ਸੀ. ਦੇ ਕਰਜਿਆਂ ਦੀ ਅਦਾਇਗੀ, ਪੰਜਵੇ ਪੇ ਕਮਿਸ਼ਨ ਦੇ ਬਕਾਏ ਨੂੰ ਫਸਟ ਚਾਰਜ ਰੱਖਦੇ ਹੋਏ ਪਹਿਲ ਦੇ ਅਧਾਰ ਤੇ ਅਦਾਇਗੀ ਕੀਤੀ ਜਾਵੇ ।

15) ਕਰਮਚਾਰੀਆਂ ਨੂੰ ਕਰਜ਼ੇ ਦੇਣ ਦੇ ਸਬੰਧ ਵਿਚ ਰਾਜ ਸਰਕਾਰ ਦੁਆਰਾ ਆਪਣੇ ਕਰਮਚਾਰੀਆਂ ਲਈ ਜਾਰੀ ਕੀਤੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾਵੇ ।

16) ਸ਼ਹਿਰੀ ਗਰੀਬਾਂ ਨੂੰ ਮੁਢਲੀ ਸਹੂਲਤਾ ਦੇਣ ਸਬੰਧੀ ਉਪਰਾਲੇ ਕੀਤੇ ਜਾਣ

17) ਸਾਲ 2015-16 ਦੇ ਪ੍ਰਵਾਨ ਕੀਤੇ ਬਜ਼ਟ/ਆਮਦਨ ਦਾ ਨਗਰ ਕੌਂਸਲ ਦੇ ਵਿਕਾਸ ਦੇ ਫੰਡ ਵਿਚੋਂ ਸ਼ਹਿਰ ਦੀ ਹਰਿਆਵਲੀ/ਗਰੀਨਰੀ ਲਈ ਵਰਤਿਆ ਜਾਵੇ ।

18) ਸਥਾਨਕ ਸੰਸਥਾ ਦੇ ਦਫ਼ਤਰ ਵਿਚ ਕੰਪਿਊਟਰਾਈਜੇਸ਼ਨ ਕਰਨ ਲਈ ਬਜ਼ਟ ਦੇ ਫੰਡਾਂ ਵਿਚੋਂ ਆਪ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਕੰਪਿਊਟਰ ਟਰੇਨਿੰਗ ਆਪਣੇ ਪੱਧਰ ਤੇ ਕਰਵਾਈ ਜਾਵੇ ਅਤੇ ਸਾਰੀਆਂ ਬ੍ਰਾਂਚਾ ਦੀ ਨੈਟ-ਵਰਕਿੰਗ ਕਰਕੇ ਕੰਪਿਊਟਰਾਈਜੇਸ਼ਨ ਹਰ ਹਾਲਤ ਵਿਚ ਕੀਤੀ ਜਾਵੇ ।

19) ਕਿਸੇ ਵੀ ਸਥਾਨਕ ਸੰਸਥਾ ਦੇ ਸਬੰਧ ਵਿਚ ਆਡਿਟ ਵਲੋਂ ਜੋ ਇਤਰਾਜ਼ ਲਗਾਏ ਜਾਂਦੇ ਹਨ ਉਨ੍ਹਾਂ ਦਾ ਉਤਰ ਆਡਿਟ ਨੋਟ ਵਿਚ ਦਰਸਾਏ ਅਨੁਸਾਰ ਸਮੇਂ ਸਿਰ ਸਾਰੇ ਪੈਰ੍ਹੇ ਨਾਲ-ਨਾਲ ਸੈਟਲ ਕਰਵਾਏ ਜਾਣ ।

ਡਿਪਟੀ ਡਾਇਰੈਕਟਰ,
ਅਰਬਨ ਲੋਕਲ ਬਾਡੀਜ਼, ਅੰਮ੍ਰਿਤਸਰ ।

ਪਿਠ ਅੰਕਣ ਨੰਬਰ/ਡਡਸਸ/ਮਿਸਲੇਨੀਅਸ/2015 ਮਿਤੀ

ਇਸ ਦਾ ਇਕ ਉਤਾਰਾ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ ਪੰਜਾਬ ਚੰਡੀਗੜ੍ਹ ਜੀ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ।

ਡਿਪਟੀ ਡਾਇਰੈਕਟਰ,
ਅਰਬਨ ਲੋਕਲ ਬਾਡੀਜ਼, ਅੰਮ੍ਰਿਤਸਰ ।